# ਤਬਾਦਲੇ ਸਬੰਧੀ ਖ਼ਬਰਾਂ - ਅੰਕ 2 - ਜਨਵਰੀ 2022

# ਵੈਸਟ ਆਫ਼ ਸਕੋਟਲੈਂਡ ਹਾਊਸਿੰਗ ਐਸੋਸੀਏਸ਼ਨ ਨਾਲ ਤਬਾਦਲਾ ਯੋਜਨਾਵਾਂ - ਤਾਜ਼ਾ ਜਾਣਕਾਰੀ

ਤਬਾਦਲੇ ਸਬੰਧੀ ਖ਼ਬਰਾਂ ਦੇ ਦੂਜੇ ਅੰਕ ਵਿੱਚ ਤੁਹਾਡਾ ਸਵਾਗਤ ਹੈ ਜੋ ਸਾਡੇ ਵੈਸਟ ਆਫ਼ ਸਕੋਟਲੈਂਡ ਹਾਊਸਿੰਗ ਐਸੋਸੀਏਸ਼ਨ ਵੱਲ ਪ੍ਰਸਤਾਵਤ ਇੰਤਜਾਮ ਦੇ ਤਬਾਦਲੇ ਦੀ ਪ੍ਰਗਤੀ ਬਾਰੇ ਤੁਹਾਨੂੰ ਤਾਜ਼ਾ ਜਾਣਕਾਰੀ ਦਿੰਦਾ ਹੈ। ਸਾਡੇ ਪਹਿਲੇ ਨਿਊਜ਼ਲੈਟਰ ਨੇ ਇਸ ਬਾਰੇ ਸੰਖੇਪ ਜਾਣਕਾਰੀ ਦਿੱਤੀ ਸੀ ਕਿ ਅਸੀਂ ਕਿਸੇ ਹੋਰ ਹਾਊਸਿੰਗ ਐਸੋਸੀਏਸ਼ਨ ਵੱਲ ਤਬਾਦਲੇ ਬਾਰੇ ਵਿਚਾਰ ਕਿਉਂ ਕਰ ਰਹੇ ਹਾਂ, ਆਪਣੇ ਚੁਣੇ ਹੋਏ ਭਾਈਵਾਲ ਬਾਰੇ ਸੰਖੇਪ ਵਿਵਰਨ, ਅਤੇ ਉਨ੍ਹਾਂ ਫਾਇਦਿਆਂ ਬਾਰੇ ਦੱਸਿਆ ਸੀ ਜਿਨ੍ਹਾਂ ਨੂੰ ਅਸੀਂ ਹਾਸਲ ਕਰਨ ਬਾਰੇ ਪਤਾ ਲਗਾ ਰਹੇ ਹਾਂ।

ਜਿਵੇਂ ਤਬਾਦਲੇ ਸਬੰਧੀ ਖ਼ਬਰਾਂ ਦੇ ਅੰਕ 1 ਵਿੱਚ ਉਜਾਗਰ ਕੀਤਾ ਸੀ, ਤਬਾਦਲੇ ਲਈ ਸਾਂਝੇ ਕਾਰੋਬਾਰੀ ਕੇਸ ਬਾਰੇ ਸਹਿਮਤੀ ਹੋਣ ਦੀ ਸੂਰਤ ਵਿੱਚ, ਅਸੀਂ ਤਬਾਦਲੇ ਦੀ ਪੇਸ਼ ਅਤੇ ਇਸ ਬਾਰੇ ਗਹਿਰਾਈ ਵਿੱਚ ਜਾ ਕੇ ਰਸਮੀ ਸਲਾਹ-ਮਸ਼ਵਰਾ ਕਰਾਂਗੇ ਕਿ ਇਸ ਦੇ ਤੁਹਾਡੇ ਲਈ ਕੀ ਮਾਅਨੇ ਹਨ। ਪੇਸ਼ਕਸ਼ ਤਿਆਰ ਕਰਨ ਵਿੱਚ ਸਾਡੀ ਮਦਦ ਲਈ, ਸਾਨੂੰ ਇਹ ਦੱਸਣ ਲਈ ਅਸੀਂ ਤੁਹਾਨੂੰ ਇੱਕ ਸਰਵੇਖਣ ਮੁਕੰਮਲ ਕਰਨ ਦਾ ਸੱਦਾ ਦਿੰਦੇ ਹਾਂ ਕਿ ਤੁਹਾਡੇ ਲਈ ਕੀ ਮਹੱਤਵਪੂਰਨ ਸੀ ਅਤੇ ਤਬਾਦਲਾ ਯੋਜਨਾਵਾਂ ਬਣਾਉਣ ਵਿੱਚ ਮਦਦ ਲਈ ਤੁਹਾਨੂੰ ਨਵੇਂ ਫੋਕਸ ਗਰੁੱਪ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੰਦੇ ਹਾਂ। ਹਰੇਕ ਉਸ ਵਿਅਕਤੀ ਦਾ ਧੰਨਵਾਦ ਜਿਸ ਨੇ ਸਾਡੇ ਫੋਕਸ ਗਰੁੱਪਾਂ ਲਈ ਪ੍ਰਤੀਕਿਰਿਆ ਜਾਹਰ ਕਰਨ ਅਤੇ ਭਾਗ ਲੈਣ ਲਈ ਸਮਾਂ ਕੱਢਿਆ - ਤੁਹਾਡੇ ਤੋਂ ਪ੍ਰਤੀਕਰਮ ਲੈਣਾ ਬਹੁਤ ਵਧੀਆ ਰਿਹਾ।

## ਤੁਹਾਡੇ ਵਿਚਾਰ -ਸਰਵੇਖਣ ਦਾ ਪ੍ਰਤੀਕਰਮ

ਅਸੀਂ ਸਾਰੇ ਕਿਰਾਏਦਾਰਾਂ ਅਤੇ ਫੈਕਟਰਡ ਮਾਲਕਾਂ ਨੂੰ ਡਾਕ ਅਤੇ ਟੈਕਸਟ ਰਾਹੀਂ ਤਬਾਦਲੇ ਸਬੰਧੀ ਖ਼ਬਰਾਂ ਅਤੇ ਸਰਵੇਖਣ ਜਾਰੀ ਕੀਤਾ ਸੀ। ਅਸੀਂ ਅੱਗੇ ਦਿੱਤੇ ਅਨੁਸਾਰ 154 ਜਵਾਬ ਪ੍ਰਾਪਤ ਕੀਤੇ (22 ਦਸੰਬਰ 2021 ਤੱਕ);

- ਕਿਰਾਏਦਾਰ - 55% (83 ਜਵਾਬ ਦੇਣ ਵਾਲੇ)
- ਫੈਕਟਰਡ ਮਾਲਕ – 40% (61 ਜਵਾਬ ਦੇਣ ਵਾਲੇ )
- ਹਿੱਸੇਦਾਰ ਮੈਂਬਰ – 1% (2 ਜਵਾਬ ਦੇਣ ਵਾਲੇ )
- ਹੋਰ (ਇਸ ਵਿੱਚ ਸਾਂਝੇ ਮਾਲਕ ਸ਼ਾਮਲ ਹਨ) – 4% (6 ਜਵਾਬ ਦੇਣ ਵਾਲੇ )

**ਅਸੀਂ ਅੱਗੇ ਦਿੱਤੇ ਅਨੁਸਾਰ ਆਪਣੀਆਂ ਤਬਾਦਲਾ ਤਰਜੀਹਾਂ ਨੂੰ ਸਾਂਝਾ ਕੀਤਾ ਸੀ:**

- ✓ ਇਹ ਯਕੀਨੀ ਬਣਾਉਣਾ ਕਿ ਕਿਰਾਏ ਖ਼ਰਚ-ਸਹਿਣਯੋਗ ਬਣੇ ਰਹਿਣ
- ✓ ਇਹ ਯਕੀਨੀ ਬਣਾਉਣਾ ਕਿ ਸਰਵਿਸ ਚਾਰਜ ਸਪਸ਼ਟ ਅਤੇ ਪਾਰਦਰਸ਼ੀ ਹੋਣ ਅਤੇ ਵਧੀਆ ਸੇਵਾਵਾਂ ਦੇਣ ਲਈ ਕੰਟਰੈਕਟਰਾਂ ਦਾ ਪ੍ਰਭਾਵਸ਼ਾਲੀ ਢੰਗ ਨਾਲ ਬੰਦੋਬਸਤ ਕੀਤਾ ਜਾਂਦਾ ਹੈ ਜੋ ਪੈਸੇ ਦੀ ਕੀਮਤ (ਅਹਿਮੀਅਤ) ਨੂੰ ਦਰਸਾਉਂਦੀ ਹੈ।
- ✓ ਸਾਡੇ ਘਰਾਂ ਵਿੱਚ ਅਤਿ-ਜ਼ਰੂਰੀ ਰਹਿੰਦੇ ਕੰਮਾਂ ਨੂੰ ਪੂਰਾ ਕਰਨ ਲਈ ਨਿਵੇਸ਼ ਪ੍ਰੋਗਰਾਮ ਵਿੱਚ ਤੇਜ਼ੀ ਅਤੇ ਸੁਧਾਰ ਲਿਆਉਣਾ
- ✓ ਬਾਹਰਲੇ ਵਾਤਾਵਾਰਣ ਦੇ ਪ੍ਰਬੰਧ ਅਤੇ ਭੌਤਿਕ ਸਥਿਤੀ ਵਿੱਚ ਸੁਧਾਰ ਕਰਨਾ
- ✓ ਗਾਹਕਾਂ ਦੀ ਉੱਤਮਤਾ ਵੱਲ ਕੇਂਦਰਤ ਮਜਬੂਤ ਅਤੇ ਸਾਕਾਰਾਤਮਕ ਸਭਿਆਚਾਰ ਨੂੰ ਯਕੀਨੀ ਬਣਾਉਣਾ।
- ✓ ਉਸ ਸਮੇਂ, ਜਗ੍ਹਾ ਅਤੇ ਤਰੀਕੇ ਨਾਲ ਸਟਾਫ ਅਤੇ ਸੇਵਾਵਾਂ ਤੱਕ ਜ਼ਿਆਦਾ ਪਹੁੰਚ ਜੋ ਕਿਰਾਏਦਾਰਾਂ ਅਤੇ ਫੈਕਟਰਡ ਮਾਲਕਾਂ ਦੀਆਂ ਜ਼ਰੂਰਤਾਂ ਲਈ ਢੁਕਵੀਂ ਹੁੰਦੀ ਹੈ।
- ✓ ਮਿਆਰੀ ਫੈਕਟਰਿੰਗ ਸੇਵਾ ਮੁਹੱਈਆ ਕਰਨੀ ਜੋ ਪੈਸੇ ਦੀ ਕੀਮਤ ਨੂੰ ਦਰਸਾਉਂਦੀ ਹੈ।
- ✓ ਕਿਰਾਏਦਾਰਾਂ ਦੀ ਜ਼ਿੰਦਗੀ ਦੇ ਮੌਕਿਆਂ ਵਿੱਚ ਸੁਧਾਰ ਲਿਆਉਣ ਅਤੇ ਉਨ੍ਹਾਂ ਦੀਆਂ ਬਦਲਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਸਹਾਇਤਾ ਵਾਸਤੇ ਵਿਆਪਕ ਪ੍ਰਕਾਰ ਦੀਆਂ ਸਹਾਇਤਾ ਸੇਵਾਵਾਂ ਦੀ ਪੇਸ਼ਕਸ਼ ਕਰਨੀ

**ਅਸੀਂ ਤੁਹਾਡੇ ਤੋਂ ਪੁੱਛਿਆ ਕਿ ਕੀ ਸਾਡੀਆਂ ਤਬਾਦਲਾ ਤਰਜੀਹਾਂ ਉਸ ਗੱਲ ਨੂੰ ਦਰਸਾਉਂਦੀਆਂ ਹਨ ਜਿਸ ਬਾਰੇ ਤੁਹਾਨੂੰ ਲੱਗਦਾ ਹੈ ਕਿ ਸੀ.ਐੱਕਸ.ਐੱਚ.ਏ. ਦੇ ਗਾਹਕ ਹੋਣ ਵੱਜੋਂ ਤੁਹਾਡੇ ਲਈ ਇਹ ਸਭ ਤੋਂ ਮਹੱਤਵਪੂਰਨ ਤਰਜੀਹਾਂ ਹਨ? *ਤੁਸੀਂ ਕਿਹਾ:***

- *ਹਾਂ – 74% (111 ਜਵਾਬ ਦੇਣ ਵਾਲੇ)*
- *ਨਹੀਂ – 7% (10 ਜਵਾਬ ਦੇਣ ਵਾਲੇ)*
- *ਨਿਸ਼ਚਿਤ ਤੌਰ 'ਤੇ ਪਤਾ ਨਹੀਂ – 20% (30 ਜਵਾਬ ਦੇਣ ਵਾਲੇ)*

*ਇਹ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਜ਼ਿਆਦਾਤਰ ਉੱਤਰ ਦੇਣ ਵਾਲੇ ਸਹਿਮਤ ਹਨ ਕਿ ਅਸੀਂ ਤਬਦਾਲੇ ਲਈ ਸਹੀ ਤਰਜੀਹਾਂ ਦੀ ਪਹਿਚਾਣ ਕੀਤੀ ਹੈ। ਅਸੀਂ ਆਉਂਦੇ ਹਫ਼ਤਿਆਂ ਵਿੱਚ ਤਬਾਦਲਾ ਪੇਸ਼ਕਸ਼ ਦੇ ਅਗਲੇ ਵੇਰਵੇ ਸਾਂਝੇ ਕਰਾਂਗੇ।*

**ਅਸੀਂ ਤੁਹਾਡੇ ਨਾਲ ਇਹ ਗੱਲ ਸਾਂਝੀ ਕੀਤੀ ਸੀ ਕਿ ਵੈਸਟ ਆਫ਼ ਸਕੌਟਲੈਂਡ ਗਾਹਕ ਨਾਲ ਜੁੜਾਵ ਅਤੇ ਗਾਹਕਾਂ ਨਾਲ ਕੰਮ ਕਰਨ ਪ੍ਰਤੀ ਵਚਨਬੱਧ ਹੈ ਤਾਂ ਜੋ ਉਹ ਪ੍ਰਾਪਤ ਕਰਨ ਵਾਲੀਆਂ ਸੇਵਾਵਾਂ ਉੱਤੇ ਅਸਲ ਪ੍ਰਭਾਵ ਪਾ ਸਕਣ।**

**ਅਸੀਂ ਤੁਹਾਡੇ ਤੋਂ ਪੁੱਛਿਆ ਕਿ ਤੁਹਾਨੂੰ ਕੀ ਲੱਗਦਾ ਹੈ ਕਿ ਹੇਠਾਂ ਦਿੱਤਿਆਂ ਵਿੱਚੋਂ ਕਿਹੜੀ ਗੱਲ ਤਬਾਦਲੇ ਤੋਂ ਬਾਅਦ ਗਾਹਕ ਦੀ ਮਜਬੂਤ ਰਾਏ ਨੂੰ ਯਕੀਨੀ ਬਣਾਉਂਦੀ ਹੈ? *ਤੁਸੀਂ ਕਿਹਾ:***

*ਆਨਲਾਈਨ ਪ੍ਰਤੀਕਰਮ ਦੇਣਾ – 49% (63 ਜਵਾਬ ਦੇਣ ਵਾਲੇ)*
*ਗਾਹਕ ਸਰਵੇਖਣ – 47% (60 ਜਵਾਬ ਦੇਣ ਵਾਲੇ)*
*ਨਵੇਂ ਸਥਾਨਕ ਕਿਰਾਏਦਾਰ ਅਤੇ ਵਸਨੀਕਾਂ ਦੇ ਸਮੂਹ – 44% (56 ਜਵਾਬ ਦੇਣ ਵਾਲੇ)*
*ਗਾਹਕ ਡਰੌਪ-ਇਨ ਸੈਸ਼ਨ – 34% (43 ਜਵਾਬ ਦੇਣ ਵਾਲੇ)*
*ਗਾਹਕ ਭਾਈਚਾਰੇ ਵਾਲੇ ਸਮੂਹ – 20% (25 ਜਵਾਬ ਦੇਣ ਵਾਲੇ)*
*ਸ਼ਾਰਟ ਲਾਈਫ਼ ਕਸਟਮਰ ਫੋਕਸ ਗਰੁੱਪ – 18% (23 ਜਵਾਬ ਦੇਣ ਵਾਲੇ)*

**ਅਸੀਂ ਇਸ ਬਾਰੇ ਪੁੱਛਿਆ ਕਿ ਗਾਹਕ ਕਿਸ ਕਿਸਮ ਦੀਆਂ ਭਾਈਚਾਰਕ ਸਹਾਇਤਾ ਸੇਵਾਵਾਂ ਤੈਅ ਹੁੰਦੀਆਂ ਦੇਖਣੀਆਂ ਚਾਹੁਣਗੇ: *ਤੁਸੀਂ ਕਿਹਾ:***

- *ਕੇਂਦਰੀ (ਮੂਲ) ਸੇਵਾਵਾਂ ਦੇ ਸੁਧਾਰ ਵੱਲ ਪਹਿਲਾਂ ਧਿਆਨ ਕੇਂਦਰਤ ਕਰਨਾ*
- *ਯੋਗਤਾ-ਪ੍ਰਾਪਤ ਸਟਾਫ ਤੋਂ ਭਲਾਈ, ਊਰਜਾ ਅਤੇ ਪੈਸੇ ਸਬੰਧੀ ਸਲਾਹ*
- *ਤੀਜੀ ਧਿਰ ਦੇ ਖੇਤਰ ਵਾਲੀਆਂ ਹੋਰਨਾਂ ਸੰਸਥਾਵਾਂ ਨਾਲ ਕੰਮ ਕਰਨ ਲਈ ਸੁਧਰੀ ਹੋਈ ਭਾਈਵਾਲੀ*
- *ਬਜ਼ੁਰਗ ਵਸਨੀਕਾਂ ਲਈ ਸਮਾਜਿਕ ਗਤੀਵਿਧੀਆਂ, ਖਾਸ ਤੌਰ 'ਤੇ ਤਿਓਹਾਰ ਵਾਲੇ ਸਮੇਂ ਦੌਰਾਨ*
- *ਭਾਰੀ ਚੀਜ਼ਾਂ ਦੀ ਚੁਕਾਈ (ਸੇਵਾ) ਮੁਹੱਈਆ ਕਰਨੀ*
- *ਡਿਜੀਟਲ ਸਹਾਇਤਾ ਸੇਵਾਵਾਂ*
- *ਕਿਰਾਏਦਾਰਾਂ ਨੂੰ ਘਰ ਬਦਲਣ ਸਮੇਂ ਸਹਾਇਤਾ*
- *ਕਿਰਾਏਦਾਰੀ ਮਾਮਲਿਆਂ ਬਾਰੇ ਕਾਨੂੰਨੀ ਸਲਾਹ ਤੱਕ ਪਹੁੰਚ*
- *ਚੀਜ਼ਾਂ ਦੀ ਰਚਨਾਤਮਕ-ਮੁੜ ਵਰਤੋਂ (ਅਪਸਾਇਕਲਿੰਗ) ਸਬੰਧੀ ਸੇਵਾ*
- ਅਮੈਨਿਟੀ ਬਲਾਕਾਂ ਲਈ ਸੁਧਰੀ ਹੋਈ ਕਲੈਡਿੰਗ ਇਨਸੂਲੇਸ਼ਨ।
- ਲਾਂਘਿਆਂ ਲਈ ਭਾਈਚਾਰਕ ਤਾਪ ਖ਼ਰਚ ਦਾ ਭੁਗਤਾਨ ਨਹੀਂ ਕਰਨਾ ਚਾਹੀਦਾ ਸੀ
- ਭਾਈਚਾਰਕ ਖੇਤਰਾਂ ਵਿੱਚ, ਕੂੜੇਦਾਨਾਂ ਦੀ ਸਫ਼ਾਈ, ਗਲੀਚਿਆਂ ਅਤੇ ਖਿੜਕੀਆਂ ਲਈ ਸਫ਼ਾਈ ਨੂੰ ਅਪਗ੍ਰੇਡ ਕਰਨ ਦੀ ਲੋੜ ਹੈ
- ਕਿਸੇ ਵੀ ਸਮੱਸਿਆਵਾਂ ਨੂੰ ਜਤਾਉਣ ਜਾਂ ਸੁਧਾਰਾਂ ਲਈ ਸਟਾਫ ਨਾਲ ਸਾਲ ਵਿੱਚ ਘੱਟੋ-ਘੱਟ ਇੱਕ ਵਾਰੀ ਕਿਰਾਏਦਾਰਾਂ ਦੀਆਂ ਮੀਟਿੰਗਾਂ

*“ਸਾਂਭ-ਸੰਭਾਲ ਵਾਲੇ ਮੁੱਦੇ ਤਰਜੀਹ ਹੋਣੀ ਚਾਹੀਦੀ ਹੈ”*

*“ਨਿਵੇਸ਼ ਪ੍ਰੋਗਰਾਮਾਂ ਨੂੰ ਨਜਿੱਠਣ ਦਾ ਅਰਥ ਉਨ੍ਹਾਂ ਕੰਟਰੈਕਟਰਾਂ ਦੀ ਵਰਤੋਂ ਕਰਨਾ ਹੈ ਜੋ ਗੁਣਵੱਤਾ ਪ੍ਰਦਾਨ ਕਰਦੇ ਹਨ”*

*“ਹੈਂਡੀ ਪਰਸਨ ਸਰਵਿਸ ਇੱਕ ਵਧੀਆ ਸੁਝਾਅ ਹੈ।”*

*“ਇਮਾਰਤ/ਬਾਹਰਲੇ ਭਾਈਚਾਰਕ ਖੇਤਰਾਂ ਦੇ ਨਿਯੋਜਤ ਸਾਂਝ-ਸੰਭਾਲ ਸਰਵੇਖਣਾਂ ਅਤੇ ਕਾਰਵਾਈ ਲਈ ਤਰਜੀਹਾਂ ਨੂੰ ਸ਼ਾਮਲ ਕਰਨਾ ਚਾਹੀਦਾ ਹੈ।”*

*“ਸਟੌਕ ਦੀ ਸਾਂਭ-ਸੰਭਾਲ ਵਿੱਚ ਸੁਧਾਰ ਅਤੇ ਮੁਰੰਮਤਾਂ ਨੂੰ ਇੱਕ ਤਰਜੀਹ ਵੱਜੋਂ ਉਜਾਗਰ ਕਰਨਾ ਚਾਹੀਦਾ ਹੈ।”*

*“ਭਾਈਚਾਰੇ ਦੀ ਸੁਰੱਖਿਆ ਅਤੇ ਸਮਾਜਿਕ ਤਾਲਮੇਲਤਾ ਦੀ ਸਹਾਇਤਾ ਕਰਨ ਲਈ ਪੁਲਿਸ ਸਕੌਟਲੈਂਡ ਅਤੇ ਸਥਾਨਕ ਸੰਸਥਾਵਾਂ ਜਿਵੇਂ ਕਿ ਗਾਰਨੇਥਿੱਲ ਭਾਈਚਾਰਕ ਸੈਂਟਰ ਵੁੱਡਲੈਂਡ ਭਾਈਚਾਰਕ ਟਰੱਸਟ ਫਲਰਿਸ਼ ਹਾਊਸ ਆਦਿ ਨਾਲ ਜ਼ਿਆਦਾ ਜੁੜਾਵ ਵਾਲੀਆਂ ਭਾਈਵਾਲੀਆਂ ਦਾ ਵਿਕਾਸ ਕੀਤਾ ਜਾਵੇ।”*

## ਫੋਕਸ ਗਰੁੱਪ ਦਾ ਪ੍ਰਤੀਕਰਮ

ਅਸੀਂ 6 ਦਸੰਬਰ ਨੂੰ ਦੋ ਆਨਲਾਈਨ ਫੋਕਸ ਗਰੁੱਪ ਕਰਵਾਏ ਅਤੇ ਕਿਰਾਏਦਾਰਾਂ ਅਤੇ ਫੈਕਟਰਡ ਮਾਲਕਾਂ ਨੇ ਸਾਂਝੇ ਤੌਰ ’ਤੇ ਭਾਗ ਲਿਆ। ਤੁਸੀਂ 7ਵੇਂ ਸਫ਼ੇ ’ਤੇ ਅਗਲੇ ਨਿਯੋਜਿਤ ਫੋਕਸ ਗਰੁੱਪਾਂ ਬਾਰੇ ਜ਼ਿਆਦਾ ਜਾਣਕਾਰੀ ਲੈ ਸਕਦੇ ਹੋ।

## ਫੋਕਸ ਗਰੁੱਪਾਂ ਨੇ ਕਿਹਾ:

### ਫੋਕਸ ਗਰੁੱਪਾਂ ਦੇ ਵਿਚਾਰ

ਫੋਕਸ ਗਰੁੱਪ ਦੇ ਮੈਂਬਰਾਂ ਦਾ ਵਿਚਾਰ ਹੈ ਕਿ ਪੂਰਾ ਕਿਰਾਇਆ ਦੇਣ ਵਾਲਿਆਂ ਲਈ ਕਿਰਾਏ ਖ਼ਰਚ-ਸਹਿਣਯੋਗ ਹਨ, ਪਰ ਦੱਸਿਆ ਕਿ ਕਈ ਸੁਧਾਰਾਂ ਦੀ ਲੋੜ ਹੈ।

**ਸਰਵਿਸ ਚਾਰਜਿਸ:**

- ਪ੍ਰਤੀ ਮਹੀਨੇ £150 ’ਤੇ ਖ਼ਰਚੀਲੇ ਹਨ
- ਸੇਵਾਵਾਂ ਹਮੇਸ਼ਾ ਪ੍ਰਾਪਤ ਨਹੀਂ ਕੀਤੀਆਂ ਜਾਂਦੀਆਂ
- ਸੇਵਾਵਾਂ ਦੀ ਹਮੇਸ਼ਾ ਲੋੜ ਨਹੀਂ ਹੁੰਦੀ

**ਰਿਹਾਇਸ਼ੀ ਨਿਵੇਸ਼ ਦੀਆਂ ਤਰਜੀਹਾਂ:**

- ਨਵੀਆਂ ਖਿੜਕੀਆਂ
- ਸ਼ਾਵਰ

**ਕਿਰਾਏ ਦੀ ਖ਼ਰਚ-ਸਹਿਣਯੋਗਤਾ:**

- ਇਹ ਯਕੀਨੀ ਬਣਾਉਣ ਦੀ ਲੋੜ ਹੈ ਕਿ ਕਿਰਾਏ ਖ਼ਰਚ-ਸਹਿਣਯੋਗ ਬਣੇ ਰਹਿਣ ਖਾਸ ਤੌਰ ’ਤੇ ਛੋਟੀਆਂ ਪ੍ਰਾਪਰਟੀਆਂ ਲਈ
- ਕੀ ਚਾਰਿੰਗ ਕਰੌਸ ਦਾ ਤੈਅ ਕੀਤਾ ਕਿਰਾਇਆ ਉਚਿਤ ਹੈ

**ਸੰਚਾਰ (ਸੂਚਨਾ ਜਾਂ ਗੱਲਬਾਤ ਦਾ ਆਦਾਨ-ਪ੍ਰਦਾਨ):**

- ਫੈਸਲਾ ਲੈਣ ਵਿੱਚ ਜ਼ਿਆਦਾ ਸਪਸ਼ਟ ਸੰਚਾਰ ਅਤੇ ਪਾਰਦਰਸ਼ਤਾ
- ਕਾਰਵਾਈਆਂ ਦੀ ਪ੍ਰਗਤੀ ਵਿੱਚ ਕਮੀ ਜਿਨ੍ਹਾਂ ਨੂੰ ਵਾਰ-ਵਾਰ ਉਠਾਇਆ ਗਿਆ ਹੈ
- ਨਸਲੀ-ਸਾਂਝ ਵਾਲੇ ਘੱਟ-ਗਿਣਤੀ ਕਿਰਾਏਦਾਰਾਂ ਨਾਲ ਸੰਚਾਰ ਦੇ ਤਰੀਕਿਆਂ ਵਿੱਚ ਸੁਧਾਰ ਦੀ ਲੋੜ ਹੈ।

**ਆਮ ਕੰਮਕਾਜੀ ਘੰਟਿਆਂ ਤੋਂ ਬਾਅਦ ਮੁਰੰਮਤ ਸੇਵਾ:**

- ਸੁਧਾਰ ਕੀਤੇ ਜਾਣ ਦੀ ਲੋੜ ਹੈ

**ਸਹਾਰੇ ਵਾਲੀ ਰਿਹਾਇਸ਼ (ਸ਼ੈਲਟਡਰ ਹਾਊਸਿੰਗ)**

- ਸਮੁੱਚੇ ਕੋਵਿਡ ਸਮੇਂ ਦੌਰਾਨ ਸਹਾਰਾ ਪ੍ਰਾਪਤ ਕਿਰਾਏਦਾਰਾਂ ਲਈ ਚਾਰਿੰਗ ਹਾਊਸ ਤੋਂ ਸਹਾਇਤਾ ਬਿਹਤਰ ਹੋ ਸਕਦੀ ਸੀ
- ਸ਼ੈਲਟਰਡ ਬਲਾਕਾਂ ਵਿੱਚ ਤਾਪ ਵਿਵਸਥਾ ਦੇ ਕੰਮਕਾਜ ਦੀ ਸਮੀਖਿਆ

**ਫੈਕਟਰਿੰਗ ਸੇਵਾਵਾਂ**

- ਫੈਕਟਰਿੰਗ ਸੇਵਾਵਾਂ ਅਤੇ ਬੀਚਕਾਂ (ਬਿਲਾਂ) ਵਿੱਚ ਸਪਸ਼ਟਤਾ ਦੀ ਲੋੜ ਹੈ

**ਅਸਟੇਟ ਪ੍ਰਬੰਧ**

- ਆਮ ਵਾਤਾਵਰਣ ਮਾੜਾ ਹੈ ਅਤੇ ਨਿਵੇਸ਼ ਦੀ ਲੋੜ ਹੈ

**ਹੋਰ**:

ਸਹਿਭਾਗੀਆਂ ਨੇ ਇਨ੍ਹਾਂ ਵਿੱਚ ਦਿਲਚਸਪੀ ਬਾਰੇ ਪਤਾ ਲਗਾਇਆ ਸੀ

- ਵੈਸਟ ਆਫ਼ ਸਕੌਟਲੈਂਡ ਵੱਲੋਂ ਪੇਸ਼ਕਸ਼ ਕੀਤੀਆਂ ਵਧੀਕ ਸੇਵਾਵਾਂ ਜਿਵੇਂ ਕਿ ਹੈਂਡੀਪਰਸਨ ਸੇਵਾ ਵਿੱਚ
- ਮਾਲਕਾਂ ਦਾ ਫੋਰਮ ਕਾਇਮ ਕੀਤਾ ਜਾਣ ਵਿੱਚ।

## ਤਬਾਦਲਾ ਯੋਜਨਾਵਾਂ ਬਾਰੇ ਪ੍ਰਗਤੀ ਸਬੰਧੀ ਤਾਜ਼ਾ ਜਾਣਕਾਰੀ

**ਪਿਛਲੇ ਕੁਝ ਮਹੀਨਿਆਂ ਦੌਰਾਨ, ਅਸੀਂ ਤਬਾਦਲੇ ਦੇ ਵੱਖ-ਵੱਖ ਅਹਿਮ ਕਾਰਜਾਂ ਬਾਰੇ ਵੈਸਟ ਆਫ਼ ਸਕੌਟਲੈਂਡ ਨਾਲ ਨੇੜੇ ਹੋ ਕੇ ਕੰਮ ਕਰ ਰਹੇ ਹਾਂ:**

• ਨਵੇਂ ਫੋਕਸ ਗਰੁੱਪਾਂ ਤੋਂ ਸਰਵੇਖਣਾਂ ਅਤੇ ਪ੍ਰਤੀਕਰਮ ਦੇ ਨਤੀਜਿਆਂ ਦੀ ਸਮੀਖਿਆ ਕਰਨੀ ਜੋ ਇਹ ਯਕੀਨੀ ਬਣਾਉਣ ਲਈ ਹੈ ਕਿ ਕਿਰਾਏਦਾਰ ਅਤੇ ਵਸਨੀਕਾਂ ਦੇ ਵਿਚਾਰ ਤਬਾਦਲਾ ਯੋਜਨਾਵਾਂ ਨੂੰ ਆਕਾਰ ਦੇਣ।

• ਚਾਰਿੰਗ ਕਰੌਸ ਅਤੇ ਵੈਸਟ ਆਫ਼ ਸਕੌਟਲੈਂਡ ਦੀਆਂ ਜ਼ਰੂਰੀ ਕਾਨੂੰਨੀ ਅਤੇ ਵਿੱਤੀ ਪੜਤਾਲਾਂ ਕਰਨੀਆਂ (ਜੋ "ਉਚਿਤ ਜਾਂਚ-ਪੜਤਾਲ'' ਵੱਜੋਂ ਜਾਣੀ ਜਾਂਦੀ ਹੈ) ਜੋ ਇਹ ਯਕੀਨੀ ਬਣਾਉਣ ਲਈ ਹੈ ਕਿ ਦੋਵੇਂ ਸੰਗਠਨ ਇੱਕ ਦੂਜੇ ਨੂੰ ਸਮਝਣ ਅਤੇ ਇਹ ਪੁਸ਼ਟੀ ਕਰਨ ਕਿ ਕੋਈ ਅਜਿਹੇ ਮੁੱਦੇ ਨਹੀਂ ਹਨ ਜੋ ਤਬਾਦਲੇ ਨੂੰ ਅੱਗੇ ਵਧਣ ਤੋਂ ਰੋਕਣਗੇ।

• ਤਬਦਾਲੇ ਲਈ ਸਾਂਝੇ ਕਾਰੋਬਾਰੀ ਕੇਸ ਨੂੰ ਬਣਾਉਣਾ ਜੋ ਤਬਾਦਲਾ ਲਾਭਾਂ ਦਾ ਇੱਕ ਪੈਕੇਜ ਸ਼ਾਮਲ ਕਰੇਗਾ ਜਿਸ ਲਈ ਵੈਸਟ ਆਫ਼ ਸਕੌਟਲੈਂਡ ਉਸ ਸੂਰਤ ਲਈ ਵਚਨਬੱਧ ਹੋ ਰਿਹਾ ਹੈ ਜੇਕਰ ਤਬਾਦਲਾ ਅੱਗੇ ਵੱਧਦਾ ਹੈ ਅਤੇ ਇਹ ਕਿ ਇਸ ਲਈ ਕਿੰਝ ਭੁਗਤਾਨ ਕੀਤਾ ਜਾਵੇਗਾ।

**ਕਾਰੋਬਾਰੀ ਤਬਾਦਲਾ ਕੇਸ ਕੀ ਹੈ?**

ਕਾਰੋਬਾਰੀ ਤਬਾਦਲਾ ਕੇਸ ਸਾਡੇ ਲਈ ਬਹੁਤ ਮਹੱਤਵਪੂਰਨ ਦਸਤਾਵੇਜ਼ ਹੈ। ਇਸ ਦੇ ਅੰਦਰ, ਅਸੀਂ ਵੈਸਟ ਆਫ਼ ਸਕੌਟਲੈਂਡ ਤੋਂ ਭਾਈਵਾਲੀ ਲਈ ਆਰੰਭਕ ਬੇਨਤੀ ਪ੍ਰਾਪਤ ਕਰਦੇ ਹਾਂ ਅਤੇ ਇਸ ਨੂੰ ਤਬਾਦਲਾ ਵਾਅਦਿਆਂ ਦੇ ਵਿਸਥਾਰਤ ਸੈੱਟ ਵਿੱਚ ਅੱਗੇ ਵਧਾਉਂਦੇ ਹਾਂ ਜਿਸ ਨੂੰ ਉਸ ਸੂਰਤ ਵਿੱਚ ਪ੍ਰਦਾਨ ਕੀਤਾ ਜਾਵੇਗਾ ਜੇਕਰ ਚਾਰਿੰਗ ਕਰੌਸ ਕਿਰਾਏਦਾਰ ਤਬਾਦਲਾ ਕੀਤੇ ਜਾਣ ਦਾ ਸਮਰਥਨ ਕਰਦੇ ਹਨ। ਅਸੀਂ ਇਹ ਯਕੀਨੀ ਬਣਾਉਣ ਲਈ ਵੈਸਟ ਆਫ਼ ਸਕੌਟਲੈਂਡ ਨਾਲ ਕਾਫੀ ਜ਼ਿਆਦਾ ਮਿਹਨਤ ਕਰ ਰਹੇ ਹਾਂ ਕਿ ਵੈਸਟ ਆਫ਼ ਸਕੌਟਲੈਂਡ ਦੇ ਤਬਾਦਲਾ ਵਾਅਦੇ ਉਸ ਪ੍ਰਤੀਕਰਮ 'ਤੇ ਅਧਾਰਤ ਹੋਣ ਜੋ ਤੁਸੀਂ ਸਾਨੂੰ ਹੁਣ ਤੱਕ ਦਿੱਤੀ ਹੈ।

ਕਾਰੋਬਾਰੀ ਕੇਸ ਇਸ ਬਾਰੇ ਵੀ ਸਪਸ਼ਟ ਰੂਪ ਵਿੱਚ ਦੱਸੇਗਾ ਕਿ ਜੇਕਰ ਤਬਾਦਲਾ ਨਹੀਂ ਹੁੰਦਾ ਤਾਂ ਕੀ ਹੁੰਦਾ ਹੈ। ਇਸ ਨਾਲ ਕਿਰਾਏਦਾਰਾਂ ਨੂੰ ਉਸ ਸਮੇਂ ਸਪਸ਼ਟ ਚੋਣ ਕਰਨ ਦੀ ਖੁੱਲ੍ਹ ਮਿਲੇਗੀ ਜਦੋਂ ਰਸਮੀ ਸਲਾਹ-ਮਸ਼ਵਰਾ ਅਤੇ ਕਿਰਾਏਦਾਰਾਂ ਦੇ ਮਤਦਾਨ ਦਾ ਸਮਾਂ ਆਏਗਾ। ਚਾਰਿੰਗ ਕਰੌਸ ਦੀ ਪ੍ਰਬੰਧਕੀ ਕਮੇਟੀ ਅਤੇ ਵੈਸਟ ਆਫ਼ ਸਕੌਟਲੈਂਡ ਦਾ ਬੋਰਡ ਕਾਰੋਬਾਰੀ ਕੇਸ ਦੀ ਆਰੰਭਕ ਸਮੀਖਿਆ ਕਰ ਰਹੇ ਹਨ। ਅਸੀਂ ਆਸ ਕਰਦੇ ਹਾਂ ਕਿ ਇਸ ਨਾਲ ਦੋਵੇਂ ਗਵਰਨਿੰਗ ਬਾਡੀਆਂ ਫਰਵਰੀ 2022 ਵਿੱਚ ਆਪਣੀਆਂ ਮੀਟਿੰਗਾਂ ਵਿੱਚ ਕਾਰੋਬਾਰੀ ਕੇਸ ਨੂੰ ਆਪਣੀ ਰਸਮੀ ਪ੍ਰਵਾਨਗੀ ਦੇਣਗੀਆਂ।

ਚਾਰਿੰਗ ਕਰੌਸ ਕਿਰਾਏਦਾਰਾਂ ਤਰਫੋਂ ਕਿਰਾਏਦਾਰ ਸੂਚਨਾ ਸੇਵਾ (ਟੀ.ਆਈ.ਐੱਸ.) ਵੱਲੋਂ ਵੀ ਕਾਰੋਬਾਰੀ ਕੇਸ ਦਾ ਸੁਤੰਤਰ ਮੁਲਾਂਕਣ ਕੀਤਾ ਜਾਵੇਗਾ - ਉਨ੍ਹਾਂ ਦੀ ਭੂਮਿਕਾ ਦਾ ਹੇਠਾਂ ਸੰਖੇਪ ਵਿਵਰਨ ਦਿੱਤਾ ਹੈ। ਇਹ ਇਸ ਗੱਲ ਨੂੰ ਯਕੀਨੀ ਬਣਾਉਣ ਦੀ

ਕੋਸ਼ਿਸ਼ ਕਰਦੀ ਹੈ ਕਿ ਕਿਰਾਏਦਾਰਾਂ ਦੇ ਤਜਵੀਜ਼ ਕੀਤੇ ਜਾ ਰਹੇ ਸਾਰੇ ਵਾਅਦੇ ਕਿਰਾਏਦਾਰਾਂ ਦੀ ਇੱਛਾ ਅਨੁਸਾਰ ਹੋਣ ਅਤੇ ਜੇਕਰ ਤਬਾਦਲਾ ਅੱਗੇ ਵੱਧਦਾ ਹੈ ਤਾਂ ਇਨ੍ਹਾਂ ਦਾ ਭੁਗਤਾਨ ਕੀਤਾ ਸਕੇ। ਜੇਕਰ ਤੁਹਾਡੇ ਕੋਲ ਤਜਵੀਜ਼ ਬਾਰੇ ਕੋਈ ਪ੍ਰਸ਼ਨ ਹਨ, ਤਾਂ ਕਿਰਪਾ ਕਰਕੇ ਟੀ.ਆਈ.ਐੱਸ. ਨੂੰ ਦਫ਼ਤਰੀ ਘੰਟਿਆਂ ਦੌਰਾਨ ਫ੍ਰੀਫੋਨ 0800 488 0982 ਉੱਤੇ ਕਾਲ ਕਰੋ। ਸਕੌਟਿਸ਼ ਹਾਊਸਿੰਗ ਰੈਗੂਲੇਟਰ ਵੀ ਇਹ ਯਕੀਨੀ ਬਣਾਉਣ ਦੇ ਉਦੇਸ਼ ਨਾਲ ਕਾਰੋਬਾਰੀ ਕੇਸ ਦੀ ਸਮੀਖਿਆ ਕਰੇਗਾ ਕਿ ਤਬਾਦਲਾ ਤਜਵੀਜ਼ ਮੌਜੂਦਾ ਅਤੇ ਭਵਿੱਖ ਦੇ ਕਿਰਾਏਦਾਰਾਂ ਦੇ ਹਿੱਤਾਂ ਅਤੇ ਫਾਇਦਿਆਂ ਦੀ ਸੁਰੱਖਿਆ ਕਰਦੀ ਹੈ।

## ਅੱਗੇ ਕੀ ਹੁੰਦਾ ਹੈ?

**ਸਰਵੇਖਣ ਅਤੇ ਫੋਕਸ ਗਰੁੱਪਾਂ ਵਿੱਚ ਦਿੱਤੇ ਗਏ ਪ੍ਰਤੀਕਰਮ ਨੂੰ ਤਬਾਦਲਾ ਪੇਸ਼ਕਸ਼ ਨੂੰ ਅੰਤਿਮ ਰੂਪ ਦੇਣ ਲਈ ਵਰਤਿਆ ਜਾਵੇਗਾ ਜਿਸ ਨੂੰ ਫੇਰ ਕਾਰੋਬਾਰੀ ਕੇਸ ਵਿੱਚ ਸ਼ਾਮਲ ਕੀਤਾ ਜਾਵੇਗਾ ਜਿਸ ਨੂੰ ਫੇਰ ਚਾਰਿੰਗ ਕਰੌਸ ਦੀ ਪ੍ਰਬੰਧਕੀ ਕਮੇਟੀ ਅਤੇ ਵੈਸਟ ਆਫ਼ ਸਕੌਟਲੈਂਡ ਦੇ ਬੋਰਡ ਵੱਲੋਂ ਪ੍ਰਵਾਨਤ ਕੀਤਾ ਜਾਵੇਗਾ।**

ਹੁਣ ਤੱਕ ਅਸੀਂ ਚੰਗੀ ਪ੍ਰਗਤੀ ਕਰ ਰਹੇ ਹਾਂ ਅਤੇ ਤੁਹਾਡੀ ਮਦਦ ਨਾਲ, ਅਸੀਂ ਕਾਰੋਬਾਰੀ ਕੇਸ ਵਿੱਚ ਸ਼ਾਮਲ ਕੀਤੇ ਜਾਣ ਲਈ ਸਪਸ਼ਟ ਤਬਾਦਲਾ ਤਰਜੀਹਾਂ ਦੀ ਪਹਿਚਾਣ ਕਰ ਸਕੇ ਹਾਂ। ਸਾਡੀਆਂ ਸਾਂਝੀਆਂ ਟੀਮਾਂ ਉਚਿਤ ਜਾਂਚ-ਪੜਤਾਲ ਦੀਆਂ ਜ਼ਰੂਰਤਾਂ ਅਤੇ ਕਾਰੋਬਾਰੀ ਕੇਸ ਨੂੰ ਅੰਤਿਮ ਰੂਪ ਦੇਣ ਲਈ ‘ਪਰਦੇ ਦੇ ਪਿੱਛੇ’ ਸਖ਼ਤ ਮਿਹਨਤ ਕਰ ਰਹੀਆਂ ਹਨ। ਇਸ ਕੰਮ ਦੇ ਪੂਰਾ ਹੋਣ ਨਾਲ ਅਸੀਂ ਅਗਲੇ ਪੜਾਅ ਤੱਕ ਅੱਗੇ ਪਹੁੰਚ ਸਕਾਂਗੇ - ਜਿਸ ਵਿੱਚ ਤਬਾਦਲਾ ਤਜਵੀਜ਼ ਬਾਰੇ ਕਿਰਾਏਦਾਰਾਂ ਨਾਲ ਰਸਮੀ ਸਲਾਹ-ਮਸ਼ਵਰਾ ਕਰਨਾ ਹੈ। ਜਿਹੜੀਆਂ ਮੁੱਖ ਤਾਰੀਖ਼ਾਂ ਲਈ ਇਸ ਸਮੇਂ ਅਸੀਂ ਕੰਮ ਕਰ ਰਹੇ ਹਾਂ (ਅਤੇ ਇਹ ਬਦਲ ਸਕਦੀਆਂ ਹਨ) ਅੱਗੇ ਦਿੱਤੇ ਅਨੁਸਾਰ ਹਨ:

**ਫਰਵਰੀ ਦੀ ਸ਼ੁਰੂਆਤ 2022**

ਵੈਸਟ ਆਫ਼ ਸਕੌਟਲੈਂਡ ਤੋਂ ਸਾਹਮਣੇ ਆ ਰਹੀ ਪੇਸ਼ਕਸ਼ ਨੂੰ ਸੁਣਨ ਲਈ ਟਰਾਂਸਫਰ ਫੋਕਸ ਗਰੁੱਪ ਦੀਆਂ ਦੂਜੇ ਦੌਰ ਦੀਆਂ ਮੀਟਿੰਗਾਂ

**ਫਰਵਰੀ 2022 ਦਾ ਬਾਅਦ ਵਾਲਾ ਸਮਾਂ**

ਚਾਰਿੰਗ ਕਰੌਸ ਅਤੇ ਵੈਸਟ ਆਫ਼ ਸਕੌਟਲੈਂਡ ਦੀਆਂ ਗਵਰਨਿੰਗ ਬਾਡੀਆਂ ਅੰਤਿਮ ਕਾਰੋਬਾਰੀ ਤਬਾਦਲਾ ਕੇਸ ਬਾਰੇ ਵਿਚਾਰ ਕਰਨਗੀਆਂ ਅਤੇ ਪ੍ਰਵਾਨਗੀ ਦੇਣਗੀਆਂ ਅਤੇ ਚਾਰਿੰਗ ਕਰੌਸ ਦੇ ਕਿਰਾਏਦਾਰਾਂ ਲਈ ਵਿਸਥਾਰਤ ਪੇਸ਼ਕਸ਼ ਇਸ ਵਿੱਚ ਸ਼ਾਮਲ ਹੋਵੇਗੀ।

ਟੀ.ਆਈ.ਐੱਸ. ਅਤੇ ਐੱਸ.ਐੱਚ.ਆਰ. ਵੱਲੋਂ ਇਹ ਯਕੀਨੀ ਬਣਾਉਣ ਲਈ ਕਾਰੋਬਾਰੀ ਕੇਸ ਦੀ ਸਮੀਖਿਆ ਕੀਤੀ ਜਾਂਦੀ ਹੈ ਕਿ ਉਨ੍ਹਾਂ ਨੂੰ ਇਸ ਬਾਰੇ ਵਿਸ਼ਵਾਸ ਹੈ ਕਿ ਮੌਜੂਦਾ ਅਤੇ ਭਵਿੱਖ ਦੇ ਕਿਰਾਏਦਾਰਾਂ ਦੇ ਹਿੱਤਾਂ ਦੀ ਸੁਰੱਖਿਆ ਕੀਤੀ ਜਾਂਦੀ ਹੈ।

**ਮਾਰਚ 2022**

ਕਿਰਾਏਦਾਰਾਂ ਲਈ ਰਸਮੀ ਸਲਾਹ-ਮਸ਼ਵਰੇ ਦਾ ਪਹਿਲਾ (1) ਪੜਾਅ ਸ਼ੁਰੂ ਹੁੰਦਾ ਹੈ। ਇਸ ਦੀ ਸ਼ੁਰੂਆਤ ਸਾਰੇ ਕਿਰਾਇਦਾਰਾਂ ਨੂੰ ਨੋਟਿਸ ਜਾਰੀ ਕਰਨ ਨਾਲ ਹੋਵੇਗੀ (ਅਤੇ ਫੈਕਟਰਡ ਮਾਲਕਾਂ ਅਤੇ ਹਿੱਸੇਦਾਰਾਂ ਮੈਂਬਰਾਂ ਨੂੰ ਇਸ ਦੀਆਂ ਨਕਲਾਂ ਭੇਜੀਆਂ ਜਾਣਗੀਆਂ) ਜੋ ਉਸ ਸਾਰੀ ਜਾਣਕਾਰੀ ਨਾਲ ਹੋਵੇਗੀ ਜਿਸ ਦੀ ਲੋੜ ਤੁਹਾਨੂੰ ਤਬਾਦਲਾ ਪ੍ਰਕਿਰਿਆ ਬਾਰੇ ਹੁੰਦੀ ਹੈ। ਅਸੀਂ ਕਿਰਾਏਦਾਰਾਂ ਨਾਲ ਮੁਲਾਕਾਤਾਂ ਵੀ ਸ਼ੁਰੂ ਕਰਾਂਗੇ ਅਤੇ ਤਬਦਾਲੇ ਦੀ ਚਰਚਾ ਕਰਨ ਲਈ ਸਥਾਨਕ ਮੀਟਿੰਗਾਂ ਕਰਾਂਗੇ (ਹਮੇਸ਼ਾਂ ਕੋਵਿਡ-ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ)।

**ਅਪ੍ਰੈਲ 2022**

ਚਾਰਿੰਗ ਕਰੌਸ ਪ੍ਰਬੰਧਕੀ ਕਮੇਟੀ ਅਤੇ ਵੈਸਟ ਆਫ਼ ਸਕੌਟਲੈਂਡ ਦਾ ਬੋਰਡ ਪਹਿਲੇ (1) ਪੜਾਅ ਦੇ ਪ੍ਰਤੀਕਰਮ ਬਾਰੇ ਵਿਚਾਰ ਕਰਨਗੇ। ਬਸ਼ਰਤੇ ਇਹ ਬਹੁਤ ਸਾਕਾਰਾਤਮਕ ਹੁੰਦਾ ਹੈ, ਸਾਰੇ ਕਿਰਾਏਦਾਰਾਂ ਨੂੰ ਦੂਜੇ (2) ਪੜਾਅ ਦਾ ਨੋਟਿਸ ਭੇਜਿਆ ਜਾਵੇਗਾ (ਅਤੇ ਫੈਕਟਰਡ ਮਾਲਕਾਂ ਅਤੇ ਹਿੱਸੇਦਾਰਾਂ ਮੈਂਬਰਾਂ ਨੂੰ ਇਸ ਦੀਆਂ ਨਕਲਾਂ ਭੇਜੀਆਂ ਜਾਣਗੀਆਂ) ਜੋ ਪਹਿਲੇ (1) ਪੜਾਅ ਦੇ ਨਤੀਜਿਆਂ ਬਾਰੇ, ਸਲਾਹ-ਮਸ਼ਵਰੇ ਦੇ ਨਤੀਜੇ ਵੱਜੋਂ ਯੋਜਨਾਵਾਂ ਵਿੱਚ ਕਿਸੇ ਤਬਦੀਲੀਆਂ ਬਾਰੇ ਅਤੇ ਇਹ ਦੱਸਣ ਲਈ ਹੈ ਕਿ ਕਿਰਾਏਦਾਰਾਂ ਦਾ ਮਤਦਾਨ ਕਰਵਾਇਆ ਜਾਵੇਗਾ।

**ਮਈ 2022**

ਤਬਾਦਲਾ ਇੰਤਜਾਮਾਂ ਬਾਰੇ ਕਿਰਾਏਦਾਰਾਂ ਦਾ ਮਤਦਾਨ - ਅਜਿਹਾ ਉਸ ਸਮੇਂ ਹੁੰਦਾ ਹੈ ਜਦੋਂ ਸਕੌਟਿਸ਼ ਸਕਿਉਰ ਟੈਨੈਂਸੀ ਨਾਲ ਹਰੇਕ ਚਾਰਿੰਗ ਕਰੌਸ ਐੱਚ.ਏ. ਕਿਰਾਏਦਾਰ ਤਬਾਦਲੇ ਦੇ ਪ੍ਰਸਤਾਵ ਬਾਰੇ ਵੋਟ ਕਰਦਾ ਹੈ। ਪਹਿਲੇ (1) ਪੜਾਅ ਦੀ ਤਰ੍ਹਾਂ, ਅਸੀਂ ਸਾਰੇ ਕਿਰਾਏਦਾਰ ਕੋਲ ਜਾ ਕੇ ਉਨ੍ਹਾਂ ਨੂੰ ਉਤਸ਼ਾਹਿਤ ਕਰਾਂਗੇ ਕਿ ਹਰੇਕ ਵਿਅਕਤੀ ਆਪਣੀ ਵੋਟ ਪਾਏ ਅਤੇ ਬਹੁਤ ਮਹੱਤਵਪੂਰਨ ਫੈਸਲਿਆਂ ਲਈ ਆਪਣੀ ਰਾਏ ਦੇਵੇ (ਹਮੇਸ਼ਾਂ ਕੋਵਿਡ-ਦਿਸ਼ਾ ਨਿਰਦੇਸ਼ਾਂ ਦਾ ਪਾਲਣ ਕਰਦੇ ਹੋਏ)। ਅਸੀਂ ਭਾਰੀ ਗਿਣਤੀ ਵਿੱਚ ਮਤਦਾਨ ਅਤੇ ਤਬਾਦਲੇ ਦੇ ਸਮਰਥਨ ਵਿੱਚ ਵੱਡੀ ਹਾਂ ਵਾਲੀ ਵੋਟ ਲਈ ਕੋਸ਼ਿਸ਼ ਕਰਾਂਗੇ।

**ਜੂਨ ਅਤੇ ਜੁਲਾਈ 2022**

ਜੇਕਰ ਮਤਦਾਨ ਸਾਕਾਰਾਤਮਕ ਹੁੰਦਾ ਹੈ, ਤਾਂ ਫੇਰ ਸਾਨੂੰ ਇਸ ਗੱਲ ਦੀ ਲੋੜ ਹੋਵੇਗੀ ਕਿ ਚਾਰਿੰਗ ਕਰੌਸ ਦੇ ਹਿੱਸੇਦਾਰ ਮੈਂਬਰ ਦੋ ਖਾਸ ਜਨਰਲ ਮੀਟਿੰਗਾਂ (ਐੱਸ.ਜੀ.ਐੱਮ.) ਵਿੱਚ ਆ ਕੇ ਅਤੇ ਤਬਾਦਲੇ ਦੇ ਹੱਕ ਵਿੱਚ ਵੋਟ ਪਾ ਕੇ ਆਪਣੀ ਭੂਮਿਕਾ ਨਿਭਾਉਣ।

**ਅਗਸਤ 2022**

ਜੇਕਰ ਹਿੱਸੇਦਾਰ ਐੱਸ.ਜੀ.ਐੱਮਜ਼ ਵਿੱਚ ਤਬਾਦਲੇ ਦਾ ਸਮਰਥਨ ਕਰਦੇ ਹਨ, ਤਾਂ ਫੇਰ ਅਸੀਂ ਫਾਈਨੈਂਸ਼ੀਅਲ ਕੰਡਕਟ ਅਥਾਰਟੀ (ਐੱਫ.ਸੀ.ਏ.) ਕੋਲ ਤਬਾਦਲੇ ਨੂੰ ਦਰਜ ਕਰਵਾਉਣ ਲਈ ਦਰਖ਼ਾਸਤ ਦੇਵਾਂਗੇ ਅਤੇ ਜਦੋਂ ਅਜਿਹਾ ਹੁੰਦਾ ਹੈ, ਤਾਂ ਫੇਰ ਵੈਸਟ ਆਫ਼ ਸਕੌਟਲੈਂਡ ਵੱਲ ਇੰਤਜਾਮਾਂ ਦਾ ਤਬਾਦਲਾ ਕਾਰਜਸ਼ੀਲ ਹੋ ਜਾਵੇਗਾ।

- ਇਸ ਮੌਕੇ ’ਤੇ ਚਾਰਿੰਗ ਕਰੌਸ ਕਿਰਾਏਦਾਰ ਆਪਣੇ ਸਾਰੇ ਮੌਜੂਦਾ ਅਧਿਕਾਰਾਂ ਦੀ ਸੁਰੱਖਿਆ ਸਹਿਤ ਵੈਸਟ ਆਫ਼ ਸਕੌਟਲੈਂਡ ਐੱਚ.ਏ. ਦੇ ਕਿਰਾਏਦਾਰ ਬਣ ਜਾਣਗੇ।
- ਫੈਕਟਰਡ ਮਾਲਕ ਦੇ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਦੇ ਪਹਿਲਾਂ ਦੀ ਤਰ੍ਹਾਂ ਰਹਿਣ ਨਾਲ ਫੈਕਟਰ ਦੀ ਭੂਮਿਕਾ ਵੈਸਟ ਆਫ਼ ਸਕੌਟਲੈਂਡ ਐੱਚ.ਏ. ਵੱਲ ਤਬਦੀਲ ਕੀਤੀ ਜਾਂਦੀ ਹੈ।
- ਸਾਡਾ ਸਟਾਫ ਆਪਣੀਆਂ ਸੇਵਾ ਸ਼ਰਤਾਂ ਦੀ ਸੁਰੱਖਿਆ ਸਹਿਤ ਵੈਸਟ ਆਫ਼ ਸਕੌਟਲੈਂਡ ਦੇ ਕਰਮਚਾਰੀ ਬਣ ਜਾਣਗੇ।

## ਆਪਣੀ ਰਾਏ ਪੇਸ਼ ਕਰੋ

### ਤੁਹਾਡਾ ਸੁਤੰਤਰ ਕਿਰਾਏਦਾਰ ਸਲਾਹਕਾਰ

ਕਿਰਾਏਦਾਰ ਸੂਚਨਾ ਸੇਵਾ (ਟੀ.ਆਈ.ਐੱਸ.) ਨੂੰ ਕਿਰਾਏਦਾਰਾਂ ਨਾਲ ਕੰਮ ਕਰਨ ਲਈ ਕਿਰਾਏਦਾਰਾਂ ਦੇ ਸੁਤੰਤਰ ਸਲਾਹਕਾਰ ਵੱਜੋਂ ਨਿਯੁਕਤ ਕੀਤਾ ਗਿਆ ਹੈ ਜੋ ਇਹ ਯਕੀਨੀ ਬਣਾਉਣ ਲਈ ਹੈ ਕਿ ਤੁਹਾਡੇ ਕੋਲ ਆਪਣੀ ਲੋੜ ਲਈ ਸਾਰੀ ਜਾਣਕਾਰੀ ਹੋਵੇ ਅਤੇ ਇੰਤਜਾਮਾਂ ਦੇ ਤਬਾਦਲੇ  ਦੇ ਸਿੱਟਿਆਂ ਨੂੰ ਸਮਝਣ ਲਈ ਸਮੁੱਚੀ ਪ੍ਰਕਿਰਿਆ ਦੌਰਾਨ ਤੁਹਾਡੀ ਸਹਾਇਤਾ ਕੀਤੀ ਜਾਵੇ।

ਟੀ.ਆਈ.ਐਸ. ਇੱਕ ਰਾਸ਼ਟਰੀ ਸੰਗਠਨ ਹੈ ਜਿਸ ਨੇ ਇੰਤਜਾਮਾਂ ਦੇ ਤਬਾਦਲੇ ਬਾਰੇ ਵਿਚਾਰ ਕਰਦਿਆਂ ਸਕੌਟਲੈਂਡ ਵਿੱਚ ਜ਼ਿਆਦਾਤਰ ਕਿਰਾਏਦਾਰਾਂ ਨੂੰ ਸੁਤੰਤਰ ਸਲਾਹ ਦਿੱਤੀ ਹੈ। ਤੁਹਾਡੇ ਵਿਚਾਰ ਸੁਣਨ ਲਈ ਉਨ੍ਹਾਂ ਨਾਲ ਸੰਪਰਕ ਕੀਤਾ ਜਾਵੇਗਾ।

ਟੀ.ਆਈ.ਐਸ. ਫਲਸਰੂਪ ਹੋਣ ਵਾਲੀ ਤਬਾਦਲੇ ਦੀ ਤਜਵੀਜ਼ ਦਾ ਵੀ ਸੁਤੰਤਰ ਮੁਲਾਂਕਣ ਕਰੇਗੀ ਜੋ ਇਹ ਯਕੀਨੀ ਬਣਾਉਣ ਲਈ ਹੈ ਕਿ ਕਿਰਾਏਦਾਰ ਨੂੰ ਪੇਸ਼ਕਸ਼ ਕੀਤੇ ਸਾਰੇ ਵਾਅਦੇ ਕਿਰਾਏਦਾਰਾਂ ਦੀ ਇੱਛਾ ਮੁਤਾਬਕ ਹੋਣ ਅਤੇ ਜੇਕਰ ਤਬਾਦਲਾ ਅੱਗੇ ਵਧਦਾ ਹੈ ਤਾਂ ਇਸ ਲਈ ਉਨ੍ਹਾਂ ਨੂੰ ਭੁਗਤਾਨ ਕੀਤਾ ਜਾ ਸਕੇ।

ਜਦੋਂ ਅਸੀਂ ਆਪਣੇ ਸਾਂਝੇ ਵਿਸਥਾਰਤ ਕਾਰੋਬਾਰੀ ਕੇਸ ਨੂੰ ਅੰਤਿਮ ਰੂਪ ਦਿੰਦੇ ਹਾਂ, ਜਿਸ ਵਿੱਚ ਵੈਸਟ ਆਫ਼ ਸਕੌਟਲੈਂਡ ਤੋਂ ਤਬਾਦਲਾ ਪੇਸ਼ਕਸ਼ ਸ਼ਾਮਲ ਹੋਵੇਗੀ, ਅਸੀਂ ਇਹ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਇਸ ਨੂੰ ਤੁਹਾਡੀਆਂ ਤਰਜੀਹਾਂ ਦੁਆਰਾ ਮਜਬੂਤ ਨਾਲ ਬਣਾਇਆ ਜਾਵੇ

**ਟੀ.ਆਈ.ਐੱਸ. ਕਿਰਾਏਦਾਰਾਂ ਨਾਲ ਸਲਾਹ-ਮਸ਼ਵਰੇ ਦੌਰਾਨ ਮੁਫ਼ਤ ਐਡਵਾਇਸ ਲਾਈਨ ਮੁਹੱਈਆ ਕਰੇਗੀ, ਤਾਂ ਕਿ ਜੇਕਰ ਤੁਹਾਡੇ ਕੋਲ ਤਬਾਦਲੇ ਦੀ ਤਜਵੀਜ਼ ਬਾਰੇ ਕੋਈ ਪ੍ਰਸ਼ਨ ਹਨ ਜਾਂ ਇਸ ਵਿੱਚ ਹੋਰ ਜ਼ਿਆਦਾ ਸ਼ਾਮਲ ਹੋਣਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਟੀ.ਆਈ.ਐੱਸ. ਨੂੰ 0800 488 0982 (ਦਫਤਰੀ ਘੰਟਿਆਂ ਦੌਰਾਨ) ’ਤੇ ਕਾਲ ਕਰੋ ਜਾਂ info@tis.org.uk ’ਤੇ ਈਮੇਲ ਕਰੋ।**

**ਤੁਸੀਂ ਟਰਾਂਸਫਰ ਫੋਕਸ ਗਰੁੱਪ ਵਿੱਚ ਆ ਕੇ ਸਾਨੂੰ ਆਪਣੇ ਵਿਚਾਰ ਦੱਸ ਸਕਦੇ ਹੋ।**

ਅਗਲੇ ਗੇੜ ਦੇ ਫੋਕਸ ਗਰੁੱਪਾਂ ਦਾ ਆਯੋਜਨ 2 ਫਰਵਰੀ 2022 ਨੂੰ ਬਾਅਦ ਦੁਪਹਿਰ 2 ਵਜੇ ਅਤੇ 6 ਵਜੇ ਹੋਵੇਗਾ। ਕੋਵਿਡ ਦੀਆਂ ਜਾਰੀ ਪਾਬੰਦੀਆਂ ਨੂੰ ਦੇਖਦਿਆਂ, ਅਸੀਂ ਇਹ ਸੈਸ਼ਨ ਜ਼ੂਮ ਰਾਹੀਂ ਆਨਲਾਈਨ ਕਰਵਾਵਾਂਗੇ। ਆਈ.ਐੱਸ. ਵੱਲੋਂ ਮੀਟਿੰਗਾਂ ਦੀ ਸੁਤੰਤਰ ਰੂਪ ਪ੍ਰਧਾਨਗੀ ਵਿੱਚ ਕੀਤੀ ਜਾਵੇਗੀ ਅਤੇ ਚਾਰਿੰਗ ਕਰੌਸ ਅਤੇ ਵੈਸਟ ਆਫ਼ ਸਕੌਟਲੈਂਡ ਤੋਂ ਸੀਨੀਅਰ ਸਟਾਫ ਇਸ ਵਿੱਚ ਭਾਗ ਲਵੇਗਾ। ਜੇਕਰ ਤੁਸੀਂ ਭਾਗ ਲੈਣ ਲਈ ਆਪਣੇ ਦਿਲਚਸਪੀ ਦਰਜ ਕਰਨਾ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਟੀ.ਆਈ.ਐੱਸ. ਨੂੰ 0800 488 0982'ਤੇ ਜਾਂ info@tis.org.uk 'ਤੇ ਸੰਪਰਕ ਕਰੋ।

ਜੇਕਰ ਤੁਹਾਨੂੰ ਮੀਟਿੰਗ ਲਈ ਪਹੁੰਚ ਕਰਨ ਅਤੇ ਜ਼ੂਮ ਦੀ ਵਰਤੋਂ ਕਰਨ ਦੀ ਲੋੜ ਹੈ, ਤਾਂ ਕਿਰਪਾ ਕਰਕੇ ਸਾਨੂੰ ਦੱਸੋ ਅਤੇ ਅਸੀਂ ਟੀ.ਆਈ.ਐੱਸ. ਰਾਹੀਂ ਇਸ ਦਾ ਇੰਤਜਾਮ ਕਰ ਸਕਦੇ ਹਾਂ। ਜੇਕਰ ਤੁਸੀਂ ਪਹਿਲੇ ਫੋਕਸ ਗਰੁੱਪ ਲਈ ਨਹੀਂ ਆਏ ਸੀ ਤਾਂ ਫਿਕਰ ਨਾ ਕਰੋ – ਅਸੀਂ ਤੁਹਾਨੂੰ ਇਸ ਵਿੱਚ ਆਉਣ ਲਈ ਉਤਸ਼ਾਹਿਤ ਕਰਾਂਗੇ।

ਅਸੀਂ ਇਸ ਗੱਲ ਨੂੰ ਸਮਝਦੇ ਹਾਂ ਕਿ ਹਰੇਕ ਵਿਅਕਤੀ ਨੂੰ ਆਨਲਾਈਨ ਮੀਟਿੰਗਾਂ ਸੁਖਾਲੀਆਂ ਨਹੀਂ ਲੱਗਦੀਆਂ ਅਤੇ ਜੇਕਰ ਤੁਸੀਂ ਇਸ ਸਮੁੱਚੀ ਪ੍ਰਕਿਰਿਆ ਦੌਰਾਨ ਵਿਅਕਤੀਗਤ ਮੀਟਿੰਗਾਂ ਨੂੰ ਤਰਜੀਹ ਦੇਵੋਗੇ ਤਾਂ ਕਿਰਪਾ ਕਰਕੇ ਸਾਨੂੰ ਦੱਸੋ, ਅਸੀਂ ਇਹ ਯਕੀਨੀ ਬਣਾਉਣ ਲਈ ਇਸ ਦਾ ਇੰਤਜਾਮ ਕਰਨ ਲਈ ਆਪਣੇ ਵੱਲੋਂ ਪੂਰੀ ਕੋਸ਼ਿਸ਼ ਕਰਾਂਗੇ ਕਿ ਹਰੇਕ ਵਿਅਕਤੀ ਇਸ ਵਿੱਚ ਸ਼ਾਮਲ ਹੋਵੇ।

**ਫੋਕਸ ਗਰੁੱਪਾਂ ਵਿੱਚ ਸ਼ਾਮਲ ਨਹੀਂ ਹੋ ਸਕਦੇ?**

ਤੁਸੀਂ ਫ਼੍ਰੀਫ਼ੋਨ ਨੰਬਰ 0800 488 0982'ਤੇ ਕਾਲ ਕਰਕੇ ਜਾਂ info@tis.org.uk 'ਤੇ ਈਮੇਲ ਕਰਕੇ ਟੀ.ਆਈ.ਐੱਸ. ਨੂੰ ਆਪਣੇ ਵਿਚਾਰ ਦੇ ਸਕਦੇ ਹੋ

**ਪਿਛਲਾ ਸਫ਼ਾ**

## ਤੁਹਾਨੂੰ ਸੂਚਿਤ ਰੱਖਣਾ (same as Transfer news 1)

ਅਸੀਂ ਬਹੁਤ ਹੀ ਵਿਸਤ੍ਰਿਤ ਅਤੇ ਵਿਆਪਕ ਸਲਾਹ-ਮਸ਼ਵਰੇ ਲਈ ਯੋਜਨਾ ਤਿਆਰ ਕੀਤੀ ਹੈ ਜੋ ਇਹ ਯਕੀਨੀ ਬਣਾਉਣ ਲਈ ਹੈ ਕਿ ਕਿਰਾਏਦਾਰਾਂ ਨੂੰ ਪੂਰੀ ਤਰ੍ਹਾਂ ਸੂਚਿਤ ਰੱਖਿਆ ਜਾਵੇ ਅਤੇ ਤਬਾਦਲੇ ਦੀਆਂ ਯੋਜਨਾਵਾਂ ਲਈ ਉਨ੍ਹਾਂ ਨਾਲ ਸਲਾਹ-ਮਸ਼ਵਰਾ ਕੀਤਾ ਜਾਵੇ। ਅਸੀਂ ਚਾਰਿੰਗ ਕਰੌਸ ਦੇ ਫੈਕਟਰਡ ਮਾਲਕ ਗਾਹਕਾਂ ਅਤੇ ਹਿੱਸੇਦਾਰ ਮੈਂਬਰਾਂ ਨੂੰ ਸਾਰੇ ਪੱਤਰਾਂ ਦੀਆਂ ਨਕਲਾਂ ਭੇਜਾਂਗੇ। ਕਾਰੋਬਾਰੀ ਕੇਸ ਬਾਰੇ ਸਹਿਮਤੀ ਹੋਣ ਤੋਂ ਬਾਅਦ ਸਾਨੂੰ ਜਿਸ ਰਸਮੀ ਸਲਾਹ-ਮਸ਼ਵਰੇ ਦੀ ਲੋੜ ਹੈ, ਉਸ ਤੋਂ ਇਲਾਵਾ, ਅਸੀਂ ਤੁਹਾਨੂੰ ਕਈ ਤਰੀਕਿਆਂ ਨਾਲ ਤਾਜ਼ਾ ਜਾਣਕਾਰੀ ਦਿੰਦੇ ਰਹਾਂਗੇ:

- ਚਾਰਿੰਗ ਕਰੌਸ ਵੈਬਸਾਈਟ - ਸਾਡੇ ਕੋਲ ਚਾਰਿੰਗ ਕਰੌਸ ਵੈਬਸਾਈਟ 'ਤੇ ਇਸ ਲਈ ਸਮਰਪਿਤ ਸਫ਼ਾ ਹੈ ਜੋ ਤਾਜ਼ਾ ਖ਼ਬਰਾਂ ਨਾਲ ਤੁਹਾਨੂੰ ਤਾਜ਼ਾ ਜਾਣਕਾਰੀ ਦਿੰਦਾ ਰਹੇਗਾ: https://www.cxha.org.uk/transfer/
- ਟਰਾਂਸਫਰ ਫੇਸਬੁੱਕ - ਚਾਰਿੰਗ ਕਰੌਸ ਨੇ ਨਵਾਂ ਟਰਾਂਸਫਰ ਫੇਸਬੁੱਕ ਪੇਜ ਕਾਇਮ ਕੀਤਾ ਹੈ ਜਿਸ ਨੂੰ ਤਬਾਦਲੇ ਦੀ ਸੂਚਨਾ ਅਤੇ ਤਾਜ਼ਾ ਜਾਣਕਾਰੀ ਦੇਣ ਲਈ ਵਰਤਿਆ ਜਾਵੇਗਾ - ਕਿਰਪਾ ਕਰਕੇ ਸਾਨੂੰ ਇੱਥੇ ਲਾਈਕ ਅਤੇ ਫਾਲੋ ਕਰੋ: https://www.facebook.com/CharingCrossHA
- ਟਰਾਂਸਫਰ ਨਿਊਜ਼ - ਅਸੀਂ ਟਰਾਂਸਫਰ ਨਿਊਜ਼ਲੈਟਰਾਂ ਰਾਹੀਂ ਪ੍ਰਕਿਰਿਆ ਦੇ ਅਹਿਮ ਪੜਾਆਂ ਬਾਰੇ ਤਾਜ਼ਾ ਜਾਣਕਾਰੀ ਦਿੰਦੇ ਰਹਾਂਗੇ
- ਆਨਲਾਈਨ ਫ਼ੋਕਸ ਗਰੁੱਪ - ਚਾਰਿੰਗ ਕਰੌਸ ਅਤੇ ਵੈਸਟ ਆਫ਼ ਸਕੌਟਲੈਂਡ ਤਾਜ਼ਾ ਜਾਣਕਾਰੀ ਦੇਣ ਲਈ ਤਬਾਦਲੇ ਦੇ ਅਹਿਮ ਮੁਕਾਮਾਂ 'ਤੇ ਟੀ.ਆਈ.ਐੱਸ. ਨਾਲ ਮਿਲ ਕੇ ਆਨਲਾਈਨ ਫ਼ੋਕਸ ਗਰੁੱਪਾਂ ਦਾ ਆਯੋਜਨ ਕਰਨਗੇ।

ਇਸ ਨਿਊਜ਼ਲੈਟਰ ਦੀ ਉਰਦੂ (اردو), ਪੰਜਾਬੀ (**ਪੰਜਾਬੀ**), ਸਰਲ ਚੀਨੀ (简体中文) ਅਤੇ ਅਰਬੀ (العربية) ਵਿੱਚ ਅਨੁਵਾਦਤ ਕਾਪੀ www.cxha.org.uk ਤੋਂ ਜਾਂ 0141 333 0404 'ਤੇ ਕਾਲ ਕਰਕੇ ਜਾਂ transfer@cxha.org.uk 'ਤੇ ਈਮੇਲ ਕਰਕੇ ਪ੍ਰਾਪਤ ਕੀਤੀ ਜਾ ਸਕਦੀ ਹੈ।